ਮਾਲ ਵਿਭਾਗ

(ਮਾਲ ਅਮਲਾ-2 ਸ਼ਾਖਾ)

ਮਿਤੀ 6 ਅਗਸਤ, 2009

ਨੰ: 10/30/2002/ਮਅ-2(3)/5739.—ਰਾਜ ਵਿੱਚ ਜੁਡੀਸ਼ੀਅਲ ਕੋਰਟ ਕੰਪਲੈਕਸਾਂ ਵਿੱਚ ਵਕੀਲਾਂ ਦੇ ਚੈਂਬਰਾਂ ਦੀ ਉਸਾਰੀ ਕਰਨ ਲਈ ਜ਼ਿਲ੍ਹਾ ਬਾਰ ਐਸੋਸ਼ੀਏਸ਼ਨਾਂ ਨੂੰ ਥਾਂ ਦੀ ਅਲਾਟਮੈਂਟ ਕਰਨ ਸਬੰਧੀ ਇਸ ਵਿਭਾਗ ਦੇ ਨੋਟੀਫਿਕੇਸ਼ਨ ਨੰ: 10/30/2002-ਮਅ-2(3)/7424—30, ਮਿਤੀ 11 ਨਵੰਬਰ, 2002 ਰਾਹੀਂ ਪਾਲਿਸੀ ਨੋਟੀਫਾਈ ਕੀਤੀ ਗਈ ਸੀ । ਇਸ ਨੋਟੀਫਿਕੇਸ਼ਨ ਵਿਚਲੀਆਂ ਸ਼ਰਤਾਂ ਦੇ ਪੈਰ੍ਹਾ ਨੰ: VIII ਤੇ ਦਰਸਾਈ ਸ਼ਰਤ ਅਨੁਸਾਰ ਬਾਰ ਐਸੋਸ਼ੀਏਸ਼ਨਾਂ ਵੱਲੋਂ ਵਕੀਲਾਂ ਦੇ ਚੈਂਬਰਾਂ ਦੀ ਉਸਾਰੀ ਦਾ ਸਾਰਾ ਖਰਚਾ ਉਠਾਇਆ ਜਾਣਾ ਸੀ । ਹੁਣ ਸਰਕਾਰ ਵੱਲੋਂ ਸਾਲ 2009-10 ਦੌਰਾਨ ਵਕੀਲਾਂ ਦੇ ਚੈਂਬਰ/ਬਾਰ ਰੂਮ/ਬਾਰ ਲਾਇਬਰੇਰੀਆਂ ਦੀ ਉਸਾਰੀ ਲਈ ਵਕੀਲਾਂ ਦੀ ਬਾਰ ਐਸੋਸ਼ੀਏਸ਼ਨ ਨੂੰ ਮਾਲੀ ਸਹਾਇਤਾ ਦੇਣ ਲਈ ਨਵੀਂ ਸਟੇਟ ਪੱਧਰੀ ਪਲਾਨ ਸਕੀਮ ਬਣਾਈ ਗਈ ਹੈ ਜਿਹੜੀ ਕਿ ਸਾਲ 2009-10 ਤੋਂ ਲਾਗੂ ਹੋਵੇਗੀ ਅਤੇ ਇਸ ਦੀਆਂ ਵਿਸ਼ੇਸ਼ਤਾਤਾਵਾਂ ਹੇਠ ਲਿਖੇ ਅਨੁਸਾਰ ਹੋਣਗੀਆਂ :—

(ੳ) ਮਾਲੀ ਸਹਾਇਤਾ ਬਾਰ ਐਸੋਸ਼ੀਏਸ਼ਨ ਨੂੰ ਦਿੱਤੀ ਜਾਵੇਗੀ ਨਾ ਕਿ ਕਿਸੇ ਵਿਅਕਤੀ ਵਿਸ਼ੇਸ਼ ਨੂੰ ।

(ਅ) ਬਾਰ ਐਸੋਸੀਏਸ਼ਨ ਜ਼ਿਲ੍ਹਾ ਪੱਧਰ ਜਾਂ ਉਪ ਮੰਡਲ ਪੱਧਰ ਦੀ ਹੋਵੇਗੀ । ਇਹ ਸਕੀਮ ਸਿਰਫ ਵਕੀਲਾਂ ਦੇ ਚੈਂਬਰ, ਬਾਰ ਰੂਮ ਅਤੇ ਬਾਰ ਲਾਇਬਰੇਰੀਆਂ ਦੀ ਉਸਾਰੀ ਲਈ ਹੀ ਦਿੱਤੀ ਜਾਵੇਗੀ, ਜਿਸ ਦੀ ਮਨਟੀਨੈਂਸ ਦਾ ਖਰਚਾ ਬਾਰ ਐਸੋਸੀਏਸ਼ਨ ਵੱਲੋਂ ਖੁਦ ਕੀਤਾ ਜਾਵੇਗਾ ।

(ੲ) ਬਾਰ ਐਸੋਸੀਏਸ਼ਨ ਇਸ ਮਕਸਦ ਲਈ ਕਿਸੇ ਇੰਜੀਨੀਅਰ ਵੱਲੋਂ ਐਸਟੀਮੇਟ ਬਣਵਾਏਗੀ ਅਤੇ ਆਪਣੀ ਤਜਵੀਜ ਨੂੰ ਘੋਖਣ ਉਪਰੰਤ ਪੀ.ਡਬਲਿਉ.ਡੀ. ਨੂੰ ਵੈਟਿੰਗ ਲਈ ਭੇਜੇਗੀ । ਜੇਕਰ ਐਸਟੀਮੇਟ ਕਿਸੇ ਇੰਜੀਨੀਅਰ ਵੱਲੋਂ ਨਹੀਂ ਬਣਵਾਏ ਗਏ ਤਾਂ ਇਹ ਐਸਟੀਮੇਟ ਪੀ.ਡਬਲਿਉ.ਡੀ. ਤੋਂ ਬਣਵਾਏ ਜਾਣਗੇ ।

(ਸ) ਡਿਪਟੀ ਕਮਿਸ਼ਨਰ ਆਪਣੀ ਸਿਫਾਰਸ਼ ਮਾਲ ਵਿਭਾਗ ਨੂੰ ਭੇਜਣਗੇ ਜੋ ਕਿ ਅੱਗੇ ਯੋਜਨਾਬੰਦੀ ਵਿਭਾਗ ਰਾਹੀਂ ਫੰਡਜ ਰਲੀਜ਼ ਕਰਨ ਲਈ ਵਿੱਤ ਵਿਭਾਗ ਨੂੰ ਪਹੁੰਚ ਕਰੇਗਾ ।

(ਹ) ਸਹਾਇਤਾ ਇੱਕ ਮਕਸਦ ਲਈ ਸਿਰਫ ਇੱਕ ਵਾਰੀ ਹੀ ਦਿੱਤੀ ਜਾਵੇਗੀ ਜਿਸ ਦੀ ਵੱਧ ਤੋਂ ਵੱਧ ਹੱਦ ਹੇਠ ਅਨੁਸਾਰ ਹੋਵੇਗੀ :—

(ਰੁਪਏ ਲੱਖਾਂ ਵਿੱਚ)

| ਮਕਸਦ | ਕਾਰਪੋਰੇਸ਼ਨ ਟਾਊਨ (ਜ਼ਿਲ੍ਹਾ ਹੈਡ ਕੁਆਟਰ) | ਹੋਰ ਜ਼ਿਲ੍ਹਾ ਹੈਡ-ਕੁਆਟਰ | ਸਬ-ਡਵੀਜ਼ਨ |
|---|---|---|---|
| ਵਕੀਲਾਂ ਦੇ ਚੈਂਬਰ/ ਬਾਰ ਰੂਮ | 200.00 | 100.00 | 50.00 |
| ਬਾਰ ਲਾਇਬਰੇਰੀ | 5.00 | 5.00 | 2.00 |

(ਕ) ਇਹ ਸਹਾਇਤਾ ਮੈਚਿੰਗ ਬੇਸਿਜ਼ ਤੇ ਦਿੱਤੀ ਜਾਵੇਗੀ, ਯਾਨੀ ਕਿ ਬਾਰ ਐਸੋਸ਼ੀਏਸ਼ਨ ਉਸਾਰੀ ਦੇ ਖਰਚੇ ਦਾ 50 ਪ੍ਰਤੀਸ਼ਤ ਆਪਣਾ ਹਿੱਸਾ ਪਾਉਣਗੇ ।

(ਖ) ਸਕੀਮ ਨੂੰ ਲਾਗੂ ਕਰਨ ਲਈ ਬਾਕੀ ਨਾਰਮਜ਼ ਮਾਲ ਵਿਭਾਗ ਵੱਲੋਂ ਜਾਰੀ ਹੋਈ ਨੋਟੀਫਿਕੇਸ਼ਨ ਨੰ: 10/30/2002-ਮਅ-2(3)/7424—7430, ਮਿਤੀ 11 ਨਵੰਬਰ, 2002 ਅਨੁਸਾਰ ਹੀ ਹੋਣਗੇ।

ਚੰਡੀਗੜ੍ਹ : ਰੋਮਿਲਾ ਦੂਬੇ,

ਮਿਤੀ 6 ਜੁਲਾਈ, 2009. ਵਿੱਤੀ ਕਮਿਸ਼ਨਰ ਮਾਲ, ਪੰਜਾਬ ।